# Government strongly condemns vandalisation of Mahatma Gandhi's statue in Davis, California, USA

January 30, 2021

---

## ਸਰਕਾਰ ਨੇ ਕੀਤੀ ਅਮਰੀਕਾ ਵਿੱਚ ਡੇਵਿਸ (ਕੈਲੀਫੋਰਨੀਆ) ਵਿਖੇ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨਤੋੜ ਦੀ ਸਖਤ ਨਿਖੇਧੀ

30 ਜਨਵਰੀ, 2021

28 ਜਨਵਰੀ, 2021 ਨੂੰ ਕੈਲੀਫੋਰਨੀਆ ਦੇ ਡੇਵਿਸ ਸ਼ਹਿਰ ਦੇ ਸੈਂਟਰਲ ਪਾਰਕ ਵਿਖੇ ਅਣਪਛਾਤੇ ਵਿਅਕਤੀਆਂ ਨੇ ਮਹਾਤਮਾ ਗਾਂਧੀ ਦੇ ਬੁੱਤ ਦੀ ਤੋੜ-ਭੰਨ ਕੀਤੀ। ਇਹ ਬੁੱਤ ਸਾਲ 2016 ਵਿੱਚ ਭਾਰਤ ਸਰਕਾਰ ਦੁਆਰਾ ਡੇਵਿਸ ਸ਼ਹਿਰ ਨੂੰ ਦਿੱਤਾ ਗਿਆ ਤੋਹਫ਼ਾ ਸੀ।

ਭਾਰਤੀ ਸਰਕਾਰ ਆਲਮੀ ਤੌਰ 'ਤੇ ਸ਼ਾਂਤੀ ਅਤੇ ਨਿਆਂ ਦੇ ਪ੍ਰਵਾਨਤ ਨਾਇਕ ਖਿਲਾਫ ਇਸ ਘ੍ਰਿਣਾਯੋਗ ਅਤੇ ਨਫ਼ਰਤ ਭਰੇ ਕੰਮ ਦੀ ਸਖਤ ਨਿਖੇਧੀ ਕਰਦੀ ਹੈ।

ਵਾਸ਼ਿੰਗਟਨ ਡੀ.ਸੀ. ਵਿਖੇ ਭਾਰਤੀ ਦੂਤਘਰ ਨੇ ਇਸ ਘਟਨਾ ਦੀ ਪੂਰੀ ਪੜਤਾਲ ਕਰਨ ਅਤੇ ਇਸ ਘਿਨਾਉਣੇ ਕੰਮ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਬਣਦੀ ਕਾਰਵਾਈ ਕਰਨ ਲਈ ਇਹ ਮੁਦਾ ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਵਿਭਾਗ ਨਾਲ ਚੁੱਕਿਆ ਹੈ। ਸੈਨ ਫਰਾਂਸਿਸਕੋ ਵਿਖੇ ਭਾਰਤੀ ਕੌਂਸਲੇਟ ਜਨਰਲ ਨੇ ਡੇਵਿਸ ਸਿਟੀ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਇਹ ਮਾਮਲਾ ਵੱਖਰੇ ਤੌਰ 'ਤੇ ਚੁੱਕਿਆ ਹੈ, ਜਿਨ੍ਹਾਂ ਨੇ ਇਸ ਬਾਰੇ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ। ਡੇਵਿਸ ਦੇ ਮੇਅਰ ਨੇ ਇਸ ਘਟਨਾ ਉੱਤੇ ਡੂੰਘਾ ਅਫਸੋਸ ਪ੍ਰਗਟਾਇਆ ਅਤੇ ਦੱਸਿਆ ਕਿ ਉਨ੍ਹਾਂ ਵੱਲੋਂ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਸਥਾਨਕ ਭਾਰਤੀ ਭਾਈਚਾਰੇ ਦੇ ਸੰਗਠਨਾਂ ਨੇ ਇਸ ਤੋੜਫੋੜ ਦੇ ਕੰਮ ਦੀ ਨਿਖੇਧੀ ਕੀਤੀ ਹੈ।

ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਤੋੜ-ਫੋੜ ਦੀ ਇਹ ਕਾਰਵਾਈ ਪ੍ਰਵਾਨ ਕਰਨ ਯੋਗ ਨਹੀਂ ਹੈ ਅਤੇ ਆਸ ਜ਼ਾਹਰ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਜ਼ਾ ਦਿੱਤੀ ਜਾਵੇਗੀ।

ਨਵੀਂ ਦਿੱਲੀ
30 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.